## ਜਦੋਂ ਲੋਕਾਂ ਦੇ ਨਤੀਜੇ ਦਿਖਾਉਣ ਕਿ ਉਹਨਾਂ ਵਿੱਚ ਐੱਚ ਪੀ ਵੀ ਹੋਣ ਦਾ ਪਤਾ ਲੱਗਾ ਹੈ ਤਾਂ ਉਹ ਕਈ ਤਰ੍ਹਾਂ ਦੀਆਂ ਭਾਵਨਾਵਾਂ ਮਹਿਸੂਸ ਕਰ ਸਕਦੇ ਹਨ। ਇਸ ਬਾਰੇ ਸਵਾਲ ਅਤੇ ਸਰੋਕਾਰ ਹੋਣਾ ਬਹੁਤ ਹੀ ਨਾਰਮਲ ਹੈ।

### ਮੇਰੇ ਵਿੱਚ ਐੱਚ ਪੀ ਵੀ ਕਿਵੇਂ ਆ ਗਿਆ?

ਜਦੋਂ ਤੁਹਾਡੇ ਵਿੱਚ ਐੱਚ ਪੀ ਵੀ ਆ ਜਾਵੇ ਤਾਂ ਉਸ ਬਾਰੇ ਸ਼ੁਰੂ ਵਿੱਚ ਹੀ ਪਤਾ ਲੱਗ ਸਕਦਾ ਹੈ ਜਾਂ ਇਸ ਦਾ ਪਤਾ ਲੱਗਣ ਵਿੱਚ ਕਈ ਸਾਲ ਲੱਗ ਸਕਦੇ ਹਨ। ਇਸ ਕਰਕੇ ਇਹ ਜਾਣਨਾ ਬਹੁਤ ਮੁਸ਼ਕਿਲ ਹੈ ਕਿ ਇਹ ਤੁਹਾਡੇ ਵਿੱਚ ਕਦੋਂ ਅਤੇ ਕਿਵੇਂ ਆਇਆ ਹੈ।

### ਐੱਚ ਪੀ ਵੀ ਲਈ ਸਿਹਤ ਨਾਲ ਸੰਬੰਧਿਤ ਹੋਰ ਕਿਹੜੇ ਖਤਰੇ ਹਨ?

ਐੱਚ ਪੀ ਵੀ ਦਾ ਹੋਣਾ ਬਹੁਤ ਹੀ ਆਮ ਹੈ ਅਤੇ ਆਮ ਤੌਰ 'ਤੇ ਇਸ ਨਾਲ ਕੋਈ ਨੁਕਸਾਨ ਨਹੀਂ ਹੁੰਦਾ। ਘੱਟ ਖਤਰੇ ਵਾਲਾ ਐੱਚ ਪੀ ਵੀ ਜਣਨ-ਅੰਗਾਂ ਵਿੱਚ ਮੁਹਕੇ ਪੈਦਾ ਕਰ ਸਕਦਾ ਹੈ। ਜਣਨ-ਅੰਗਾਂ ਦੇ ਮੁਹਕੇ ਤਰਲ (ਲੀਕੁਇਡ) ਨਾਈਟ੍ਰੋਜਨ, ਜੈੱਲਾਂ/ਕ੍ਰੀਮਾਂ ਜਾਂ ਸਰਜਰੀ ਨਾਲ ਸਾਫ ਕੀਤੇ ਜਾ ਸਕਦੇ ਹਨ। ਇਹ ਇਲਾਜ ਦਿਖਾਈ ਦਿੰਦੇ ਮੁਹਕਿਆਂ ਨੂੰ ਸਾਫ ਕਰਨ ਵਿੱਚ ਮਦਦ ਕਰ ਸਕਦੇ ਹਨ, ਪਰ ਐੱਚ ਪੀ ਵੀ ਦਾ ਇਲਾਜ ਨਹੀਂ ਕਰ ਸਕਦੇ। ਕਈ ਲੋਕ ਆਪਣੇ ਜਣਨ-ਅੰਗਾਂ ਦੇ ਮੁਹਕਿਆਂ ਦਾ ਇਲਾਜ ਨਾ ਕਰਨ ਦੀ ਚੋਣ ਕਰਦੇ ਹਨ; ਇਸ ਦੀ ਥਾਂ ਉਹ ਆਪਣੇ ਸਰੀਰ ਵਲੋਂ ਆਪਣੇ ਆਪ ਵਾਇਰਸ ਨੂੰ ਖਤਮ ਕਰਨ ਦੀ ਉਡੀਕ ਕਰਦੇ ਹਨ। ਐੱਚ ਪੀ ਵੀ ਦੇ ਟੈੱਸਟ ਸਿਰਫ ਵੱਧ ਖਤਰੇ ਵਾਲੀਆਂ ਕਿਸਮਾਂ ਨੂੰ ਦੇਖਦੇ ਹਨ ਕਿਉਂਕਿ ਘੱਟ ਖਤਰੇ ਵਾਲੀਆਂ ਇਨਫੈਕਸ਼ਨਾਂ ਬਹੁਤੀ ਵਾਰ ਥੋੜ੍ਹਾ ਚਿਰ ਰਹਿੰਦੀਆਂ ਹਨ ਅਤੇ ਆਪਣੇ ਆਪ ਖਤਮ ਹੋ ਜਾਂਦੀਆਂ ਹਨ।

### ਮੈਂ ਐੱਚ ਪੀ ਵੀ ਦੀ ਰੋਕਥਾਮ ਕਿਵੇਂ ਕਰ ਸਕਦੀ ਹਾਂ?

ਸੈਕਸ ਤੋਂ ਮੁਕੰਮਲ ਪਰਹੇਜ਼ (ਕਿਸੇ ਵੀ ਤਰ੍ਹਾਂ ਦੀ ਲਿੰਗਕ ਛੋਹ ਤੋਂ ਗੁਰੇਜ) ਹੀ ਐੱਚ ਪੀ ਵੀ ਦੀ ਇਨਫੈਕਸ਼ਨ ਤੋਂ ਰੋਕਥਾਮ ਦਾ ਇਕੋ ਇਕ ਢੰਗ ਹੈ। ਪਰ, ਆਪਣਾ ਖਤਰਾ ਘਟਾਉਣ ਲਈ ਤੁਸੀਂ ਹੋਰ ਕਈ ਕਦਮ ਚੁੱਕ ਸਕਦੇ ਹੋ:

1. ਐੱਚ ਪੀ ਵੀ ਦਾ ਵੈਕਸੀਨ: ਵੈਕਸੀਨ ਲਵਾਉਣ ਨਾਲ ਐੱਚ ਪੀ ਵੀ ਦੀ ਰੋਕਥਾਮ ਕਰਨ ਵਿੱਚ ਮਦਦ ਮਿਲ ਸਕਦੀ ਹੈ। ਹੋਰ ਜਾਣਨ ਲਈ immunizebc.ca/hpv 'ਤੇ ਜਾਉ।
2. ਸੈਕਸ ਕਰਨ ਦੇ ਘੱਟ ਸਾਥੀ: ਤੁਸੀਂ ਜਿੰਨੇ ਘੱਟ ਸਾਥੀਆਂ ਨਾਲ ਸੈਕਸ ਕਰੋਗੇ, ਐੱਚ ਪੀ ਵੀ ਨਾਲ ਵਾਹ ਪੈਣ ਦੇ ਤੁਹਾਡੇ ਉਨੇ ਹੀ ਘੱਟ ਮੌਕੇ ਹੋਣਗੇ।
3. ਕੰਡੋਮ ਪਾਉ: ਭਾਵੇਂ ਕਿ ਕੰਡੋਮ ਤੁਹਾਨੂੰ ਐੱਚ ਪੀ ਵੀ ਹੋਣ ਤੋਂ ਮੁਕੰਮਲ ਰੋਕਥਾਮ ਨਹੀਂ ਕਰਦੇ, ਪਰ ਉਹ ਤੁਹਾਨੂੰ ਇਸ ਦੀ ਲਾਗ ਲੱਗਣ ਦਾ ਖਤਰਾ ਘਟਾਉਂਦੇ ਹਨ। ਉਹ ਸੈਕਸ ਕਾਰਨ ਹੋਣ ਵਾਲੀਆਂ ਹੋਰ ਇਨਫੈਕਸ਼ਨਾਂ ਤੋਂ ਵੀ ਬਚਾਅ ਕਰਦੇ ਹਨ।
4. ਸਿਗਰਟਾਂ ਨਾ ਪੀਓ: ਸਿਗਰਟਾਂ ਪੀਣ ਨਾਲ ਸਰੀਰ ਦੀ ਐੱਚ ਪੀ ਵੀ ਅਤੇ ਹੋਰ ਇਨਫੈਕਸ਼ਨਾਂ ਨਾਲ ਲੜਨ ਦੀ ਸਮਰੱਥਾ ਨੂੰ ਨੁਕਸਾਨ ਹੋ ਸਕਦਾ ਹੈ।

### ਕੀ ਮੈਨੂੰ ਆਪਣੇ ਸਾਥੀ ਨੂੰ ਆਪਣੇ ਨਤੀਜਿਆਂ ਬਾਰੇ ਦੱਸਣਾ ਚਾਹੀਦਾ ਹੈ?

ਤੁਸੀਂ ਉਹਨਾਂ ਨੂੰ ਦੱਸਣਾ ਹੈ ਜਾਂ ਨਹੀਂ, ਇਹ ਤੁਹਾਡੀ ਮਰਜ਼ੀ ਹੈ। ਐੱਚ ਪੀ ਵੀ ਬਹੁਤ ਜ਼ਿਆਦਾ ਆਮ ਹੈ ਅਤੇ ਸੈਕਸੂਅਲ ਤੌਰ 'ਤੇ ਸਰਗਰਮ ਬਹੁਤੇ ਲੋਕਾਂ ਨੂੰ ਆਪਣੀ ਜ਼ਿੰਦਗੀ ਵਿੱਚ ਕਿਸੇ ਨਾ ਕਿਸੇ ਵੇਲੇ ਐੱਚ ਪੀ ਵੀ ਦੀ ਲਾਗ ਲੱਗੇਗੀ। ਅਸਲ ਵਿੱਚ, ਸੈਕਸੂਅਲ ਤੌਰ 'ਤੇ ਸਰਗਰਮ ਕੈਨੇਡੀਅਨ ਵਿੱਚੋਂ 70 ਫੀਸਦੀ (100 ਵਿੱਚੋਂ 70) ਨੂੰ ਆਪਣੀ ਜ਼ਿੰਦਗੀ ਵਿੱਚ ਇਕ ਵਾਰ ਐੱਚ ਪੀ ਵੀ ਦੀ ਇਨਫੈਕਸ਼ਨ ਹੋਵੇਗੀ।

### ਕੀ ਮੇਰੇ ਸਾਥੀ/ਮੇਰੀ ਸਾਥਣ ਨੂੰ ਜਾਂਚ ਕਰਵਾਉਣੀ ਚਾਹੀਦੀ ਹੈ?

25-69 ਸਾਲ ਦੇ ਵਿਚਕਾਰ ਦੇ ਬੱਚੇਦਾਨੀ ਵਾਲੇ ਹਰ ਇਕ ਵਿਅਕਤੀ ਨੂੰ ਬਾਕਾਇਦਗੀ ਨਾਲ ਬੱਚੇਦਾਨੀ ਦੇ ਮੂੰਹ ਦੀ ਜਾਂਚ ਕਰਵਾਉਣੀ ਚਾਹੀਦੀ ਹੈ।

ਜੇ ਤੁਹਾਡੇ ਸਾਥੀ ਦੇ ਬੱਚੇਦਾਨੀ ਨਹੀਂ ਹੈ ਤਾਂ ਇਸ ਸਮੇਂ ਉਸ ਲਈ ਜਾਂਚ ਦਾ ਕੋਈ ਟੈੱਸਟ ਉਪਲਬਧ ਨਹੀਂ ਹੈ। ਪਰ ਤੁਹਾਡੇ ਸਾਥੀ ਲਈ ਬਾਕਾਇਦਗੀ ਨਾਲ ਆਪਣੇ ਸਿਹਤ ਸੰਭਾਲ ਪ੍ਰਦਾਨ ਕਰਨ ਵਾਲੇ ਕੋਲ ਜਾਣਾ ਅਤੇ ਆਪਣੇ ਫਿਕਰਾਂ ਬਾਰੇ ਗੱਲ ਕਰਨੀ ਮਹੱਤਵਪੂਰਨ ਹੈ।

### ਸਾਡੇ ਨਾਲ ਸੰਪਰਕ ਕਰੋ


BC Cancer Cervix Screening
801-686 West Broadway
Vancouver, BC V5Z 1G1

ਫੋਨ: 1-877-702-6566
ਈਮੇਲ: screening@bccancer.bc.ca
ਵੈੱਬ: www.screeningbc.ca/cervix-pilot



ਤੁਹਾਡੀ ਨਿੱਜੀ ਜਾਣਕਾਰੀ, ਪਰਸਨਲ ਇਨਫਰਮੇਸ਼ਨ ਪ੍ਰੋਟੈਕਸ਼ਨ ਐਕਟ ਅਤੇ ਜਿੱਥੇ ਲਾਗੂ ਹੁੰਦਾ ਹੋਵੇ ਫ੍ਰੀਡਮ ਔਫ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਔਫ ਪ੍ਰਾਈਵੇਸੀ ਐਕਟ ਮੁਤਾਬਕ ਇਕੱਠੀ ਕੀਤੀ ਜਾਂਦੀ ਹੈ ਅਤੇ ਇਸ ਦੀ ਅਣਅਧਿਕਾਰਤ ਵਰਤੋਂ ਅਤੇ ਅਗਾਂਹ ਦੱਸੇ ਜਾਣ ਤੋਂ ਰੱਖਿਆ ਕੀਤੀ ਜਾਂਦੀ ਹੈ। ਇਹ ਜਾਣਕਾਰੀ ਇਨ੍ਹਾਂ ਐਕਟਾਂ ਮੁਤਾਬਕ ਹੀ ਵਰਤੀ ਅਤੇ ਅਗਾਂਹ ਦੱਸੀ ਜਾ ਸਕਦੀ ਹੈ, ਅਤੇ ਇਸ ਦੀ ਵਰਤੋਂ ਕੁਆਲਟੀ ਦੀ ਜ਼ਾਮਨੀ ਲਈ ਕੀਤੀ ਜਾਵੇਗੀ ਅਤੇ ਇਹ ਇਲਾਜ ਵਿਚ ਸ਼ਾਮਲ ਡਾਕਟਰਾਂ ਨੂੰ ਦੱਸੀ ਜਾਵੇਗੀ ਜਾਂ ਉਦੋਂ ਦੱਸੀ ਜਾਵੇਗੀ ਜਦੋਂ ਕਾਨੂੰਨ ਮੰਗ ਕਰਦਾ ਹੋਵੇ।

ਬੀ ਸੀ ਕੈਂਸਰ ਵਲੋਂ ਇਕੱਠੀ ਕੀਤੀ ਜਾਣ ਵਾਲੀ ਜਾਣਕਾਰੀ ਸੰਬੰਧੀ ਜੇ ਕੋਈ ਵੀ ਸਵਾਲ ਹੋਣ ਤਾਂ ਇਹ ਓਪਰੇਸ਼ਨਜ਼ ਡਾਇਰੈਕਟਰ, ਕੈਂਸਰ ਸਕਰੀਨਿੰਗ ਤੋਂ ਪੁੱਛੇ ਜਾ ਸਕਦੇ ਹਨ (ਐਡਰੈਸ: 801 – 686 West Broadway, Vancouver BC V5Z 1G1, ਵੈੱਬ: www.screeningbc.ca ਜਾਂ ਈਮੇਲ: screening@bccancer.bc.ca)



Version: March 2022


BC CANCER
CERVIX SCREENING
Provincial Health Services Authority



# ਬੱਚੇਦਾਨੀ ਦੇ ਮੂੰਹ ਦੀ ਘਰ ਵਿੱਚ ਜਾਂਚ ਦੇ ਨਤੀਜੇ

ਬੱਚੇਦਾਨੀ ਦੇ ਮੂੰਹ ਦੀ ਘਰ ਵਿੱਚ ਜਾਂਚ ਦੇ ਨਤੀਜਿਆਂ ਬਾਰੇ ਤੁਹਾਡੇ ਸਵਾਲਾਂ ਦੇ ਜੁਆਬ।

screeningbc.ca/cervix-pilot

ਜੇ ਤੁਹਾਡੇ ਵਿੱਚ ਐੱਚ ਪੀ ਵੀ ਹੋਣ ਦਾ ਪਤਾ ਲੱਗੇ ਤਾਂ ਇਹ ਜਾਣਨਾ ਮਹੱਤਵਪੂਰਨ ਹੈ ਕਿ ਇਸ ਦਾ ਮਤਲਬ ਕੀ ਹੈ ਅਤੇ ਇਸ ਤੋਂ ਬਾਅਦ ਇਸ ਦੀ ਪੈਰਵਾਈ ਲਈ ਜਾਣਾ ਕਿਉਂ ਜ਼ਰੂਰੀ ਹੈ।

ਵੱਧ-ਖਤਰੇ ਵਾਲੇ ਐੱਚ ਪੀ ਵੀ ਦਾ ਪਤਾ ਲੱਗਣ 'ਤੇ ਕਈ ਤਰ੍ਹਾਂ ਦੀਆਂ ਭਾਵਨਾਵਾਂ ਪੈਦਾ ਹੋ ਸਕਦੀਆਂ ਹਨ ਅਤੇ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਹੋ ਸਕਦੇ ਹਨ।

ਇਹ ਸਮਝਣਾ ਮਹੱਤਵਪੂਰਨ ਹੈ ਕਿ ਐੱਚ ਪੀ ਵੀ ਹੋਣ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਨੂੰ ਬੱਚੇਦਾਨੀ ਦੇ ਮੂੰਹ ਦੀ ਕੈਂਸਰ ਹੈ ਜਾਂ ਤੁਹਾਨੂੰ ਬੱਚੇਦਾਨੀ ਦੇ ਮੂੰਹ ਦੀ ਕੈਂਸਰ ਹੋ ਜਾਵੇਗੀ।

# ਤੁਹਾਨੂੰ ਕੀ ਜਾਣਨਾ ਚਾਹੀਦਾ ਹੈ

ਐੱਚ ਪੀ ਵੀ ਬਹੁਤ ਆਮ ਹੈ। ਐੱਚ ਪੀ ਵੀ ਹੋਣ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਨੂੰ ਬੱਚੇਦਾਨੀ ਦੇ ਮੂੰਹ ਦੀ ਕੈਂਸਰ ਹੈ ਜਾਂ ਤੁਹਾਨੂੰ ਬੱਚੇਦਾਨੀ ਦੇ ਮੂੰਹ ਦੀ ਕੈਂਸਰ ਹੋ ਜਾਵੇਗੀ।

ਤੁਹਾਡੇ ਲਈ ਪੈਰਵੀ ਕਰਨ ਦੀਆਂ ਸਾਰੀਆਂ ਅਪੁਆਇੰਟਮੈਂਟਾਂ 'ਤੇ ਜਾਣਾ ਮਹੱਤਵਪੂਰਨ ਹੈ।

ਜੇ ਬਾਅਦ ਵਿੱਚ ਕੀਤੇ ਟੈੱਸਟ ਇਹ ਦਿਖਾਉਣ ਕਿ ਤੁਹਾਨੂੰ ਐੱਚ ਪੀ ਵੀ ਕਾਰਨ ਪੈਦਾ ਹੋਏ ਅਸਧਾਰਣ ਸੈੱਲਾਂ ਨੂੰ ਕੱਢਣ ਲਈ ਇਲਾਜ ਦੀ ਲੋੜ ਹੈ, ਤਾਂ ਅਜਿਹਾ ਕਰਨਾ ਸਰਲ ਅਤੇ ਬਹੁਤ ਕਾਰਗਰ ਹੈ।

ਜੇ ਬੱਚੇਦਾਨੀ ਦੇ ਮੂੰਹ ਦੀ ਕੈਂਸਰ ਦਾ ਸ਼ੁਰੂ ਵਿੱਚ ਹੀ ਪਤਾ ਲੱਗ ਜਾਵੇ ਤਾਂ ਇਸ ਤੋਂ ਬਚਣ ਦੇ 85% ਮੌਕੇ ਹੁੰਦੇ ਹਨ।

## ਜਦੋਂ ਐੱਚ ਪੀ ਵੀ ਦਾ ਪਤਾ ਲੱਗੇ ਤਾਂ ਕੀ ਹੁੰਦਾ ਹੈ?

ਇਹ ਤੁਹਾਡੇ ਨਮੂਨੇ ਵਿੱਚ ਮਿਲੇ ਵੱਧ-ਖਤਰੇ ਵਾਲੇ ਐੱਚ ਪੀ ਵੀ ਦੀ ਕਿਸਮ 'ਤੇ ਨਿਰਭਰ ਹੈ। ਵੱਧ-ਖਤਰੇ ਵਾਲੇ ਐੱਚ ਪੀ ਵੀ ਦੀਆਂ 13-15 ਕਿਸਮਾਂ ਕੈਂਸਰ ਨਾਲ ਸੰਬੰਧਿਤ ਹਨ।

ਜਦੋਂ ਤੁਹਾਡੇ ਵੱਲੋਂ ਇਕੱਤਰ ਕੀਤੇ ਨਮੂਨੇ ਵਿੱਚ ਵੱਧ-ਖਤਰੇ ਵਾਲੇ ਐੱਚ ਪੀ ਵੀ ਹੋਣ ਦਾ ਪਤਾ ਲੱਗਦਾ ਹੈ, ਤਾਂ ਤੁਹਾਨੂੰ ਬੱਚੇਦਾਨੀ ਦੇ ਮੂੰਹ ਦੀ ਕੈਂਸਰ ਹੋਣ ਦਾ ਵਿਰਲਾ ਹੀ ਚਾਂਸ ਹੁੰਦਾ ਹੈ। ਪਰ ਜਦੋਂ ਐੱਚ ਪੀ ਵੀ ਦਾ ਪਤਾ ਲੱਗੇ, ਤਾਂ ਇਸ ਦਾ ਇਹ ਮਤਲਬ ਜ਼ਰੂਰ ਹੁੰਦਾ ਹੈ ਕਿ ਤੁਹਾਨੂੰ ਹੋਰ ਟੈੱਸਟ ਕਰਵਾਉਣ ਦੀ ਲੋੜ ਹੈ।

ਐੱਚ ਪੀ ਵੀ ਬਹੁਤ ਹੀ ਆਮ ਹੈ ਅਤੇ ਇਹ ਆਮ ਤੌਰ 'ਤੇ ਨੁਕਸਾਨ ਰਹਿਤ ਹੈ। ਬਹੁਤੀ ਵਾਰੀ ਵਿਅਕਤੀ ਨੂੰ ਇਸ ਦੇ ਹੋਣ ਦਾ ਪਤਾ ਲੱਗੇ ਬਿਨਾਂ ਹੀ ਇਹ ਆਪਣੇ ਆਪ ਖਤਮ ਹੋ ਜਾਂਦਾ ਹੈ। ਪਰ ਕਈ ਕੇਸਾਂ ਵਿੱਚ ਐੱਚ ਪੀ ਵੀ ਸਰੀਰ ਵਿੱਚ ਕਈ ਸਾਲਾਂ ਤੱਕ ਰਹਿ ਸਕਦਾ ਹੈ (ਆਮ ਤੌਰ 'ਤੇ 10 ਸਾਲਾਂ ਲਈ ਜਾਂ ਜ਼ਿਆਦਾ ਸਮੇਂ ਲਈ) ਅਤੇ ਅਜਿਹੇ ਅਸਧਾਰਣ ਸੈੱਲ ਪੈਦਾ ਕਰ ਸਕਦਾ ਹੈ ਜਿਹਨਾਂ ਨੂੰ ਕੈਂਸਰ ਵਿੱਚ ਵਿਕਸਤ ਹੋਣ ਤੋਂ ਰੋਕਣ ਲਈ ਕੱਢਣ ਦੀ ਲੋੜ ਹੁੰਦੀ ਹੈ।

ਕਿਰਪਾ ਕਰਕੇ ਆਪਣੇ ਨਤੀਜਿਆਂ ਬਾਰੇ ਅਤੇ ਕਰਨ ਵਾਲੀ ਲੋੜੀਂਦੀ ਪੈਰਵਾਈ ਲਈ ਆਪਣੇ ਸਿਹਤ ਸੰਭਾਲ ਦੇਣ ਵਾਲੇ ਨਾਲ ਗੱਲ ਕਰੋ। ਤੁਹਾਡੇ ਲਈ ਪੈਰਵਾਈ ਕਰਨ ਦੀ ਜਿਹੜੀਆਂ ਵੀ ਅਪੁਆਇੰਟਮੈਂਟਾਂ ਦੀ ਸਿਫਾਰਿਸ਼ ਕੀਤੀ ਗਈ ਹੋਵੇ, ਉਹਨਾਂ 'ਤੇ ਜਾਣਾ ਮਹੱਤਵਪੂਰਨ ਹੈ।

## ਐੱਚ ਪੀ ਵੀ 16 ਅਤੇ/ਜਾਂ 18

ਤੁਹਾਨੂੰ ਕੋਲਪੋਸਕੋਪੀ ਲਈ ਕਿਸੇ ਸਪੈਸ਼ਲਿਸਟ ਕੋਲ ਭੇਜਿਆ ਜਾਵੇਗਾ। ਇਸ ਸਮੇਂ ਸਪੈਸ਼ਲਿਸਟ ਤੁਹਾਡੀ ਬੱਚੇਦਾਨੀ ਦੀ ਮੂੰਹ ਨੂੰ ਨੇੜਿਓਂ ਦੇਖਣ ਲਈ ਇਕ ਖਾਸ ਮਾਈਕਰੋਸਕੋਪ ਦੀ ਵਰਤੋਂ ਕਰਦਾ ਹੈ।

ਤੁਹਾਡੇ ਨਤੀਜੇ ਦਾ ਮਤਲਬ ਕੈਂਸਰ ਹੋਣਾ ਬਹੁਤ ਹੀ ਵਿਰਲੀ ਗੱਲ ਹੈ। ਪਰ ਜਿਹਨਾਂ ਬਹੁਤ ਘੱਟ ਕੇਸਾਂ ਦਾ ਮਤਲਬ ਕੈਂਸਰ ਦਾ ਹੋਣਾ ਹੁੰਦਾ ਹੈ, ਉਹਨਾਂ ਵਿੱਚੋਂ 70% (100 ਵਿੱਚੋਂ 70) ਕੇਸ ਵੱਧ-ਖਤਰੇ ਵਾਲੇ ਐੱਚ ਪੀ ਵੀ ਦੀਆਂ 16 ਅਤੇ 18 ਕਿਸਮਾਂ ਨਾਲ ਸੰਬੰਧਿਤ ਹੁੰਦੇ ਹਨ।

## ਕੋਲਪੋਸਕੋਪੀ ਕੀ ਹੈ?

ਕੋਲਪੋਸਕੋਪੀ ਦੌਰਾਨ ਤੁਹਾਨੂੰ ਬੱਚੇਦਾਨੀ ਦੇ ਮੂੰਹ ਵਿਚਲੀਆਂ ਤਬਦੀਲੀਆਂ (ਜਣਨ-ਸਮਰੱਥਾ ਨਾਲ ਸੰਬੰਧਿਤ ਨਹੀਂ) ਦੇ ਕਿਸੇ ਸਪੈਸ਼ਲਿਸਟ ਵੱਲੋਂ ਦੇਖਿਆ ਜਾਂਦਾ ਹੈ। ਸਪੈਸ਼ਲਿਸਟ ਤੁਹਾਡੀ ਬੱਚੇਦਾਨੀ ਦੇ ਮੂੰਹ ਨੂੰ ਇਕ ਮਾਈਕਰੋਸਕੋਪ ਨਾਲ ਦੇਖੇਗਾ। ਤੁਸੀਂ ਪੈਪ ਟੈੱਸਟ ਜਾਂ ਪੇਡੂ (ਪੈਲਵਿਕ) ਦੀ ਜਾਂਚ ਕਰਵਾਉਣ ਦੇ ਸਮੇਂ ਵਾਂਗ ਲੰਮੇ ਪਵੋਗੇ। ਸਪੈਸ਼ਲਿਸਟ ਟਿਸ਼ੂ ਦਾ ਬਹੁਤ ਛੋਟਾ ਟੁਕੜਾ ਲੈ ਸਕਦਾ ਹੈ (ਬਾਇਓਪਸੀ)। ਟੈੱਸਟ ਨੂੰ ਤਕਰੀਬਨ 10 ਮਿੰਟ ਲਗਦੇ ਹਨ ਅਤੇ ਇਹ ਕਰਨ ਤੋਂ ਇਕਦਮ ਬਾਅਦ ਤੁਸੀਂ ਘਰ ਚਲੇ ਜਾਵੋਗੇ। ਤੁਹਾਨੂੰ ਕਿਸੇ ਤਰ੍ਹਾਂ ਦੀ ਫ੍ਰੀਜ਼ਿੰਗ ਕਰਨ ਜਾਂ ਦਰਦ ਲਈ ਦਵਾਈ ਲੈਣ ਲਈ ਲੋੜ ਨਹੀਂ ਹੁੰਦੀ।

## ਵੱਧ-ਖਤਰੇ ਵਾਲੇ ਐੱਚ ਪੀ ਵੀ ਦੀਆਂ ਹੋਰ ਕਿਸਮਾਂ

ਤੁਹਾਨੂੰ ਸਿਹਤ ਸੰਭਾਲ ਦੇਣ ਵਾਲਾ ਇਹ ਦੇਖਣ ਲਈ ਪੈਪ ਟੈੱਸਟ ਕਰੇਗਾ ਕਿ ਕਿਤੇ ਤੁਹਾਡੀ ਬੱਚੇਦਾਨੀ ਦੇ ਮੂੰਹ ਵਿੱਚ ਅਸਧਾਰਣ ਸੈੱਲ ਤਾਂ ਨਹੀਂ ਹਨ।

ਪੈਪ ਟੈੱਸਟ ਤੁਹਾਨੂੰ ਸਿਹਤ ਸੰਭਾਲ ਦੇਣ ਵਾਲੇ ਦੀ ਇਹ ਦੇਖਣ ਲਈ ਨੇੜਿਓਂ ਨਿਗਰਾਨੀ ਰੱਖਣ ਵਿੱਚ ਮਦਦ ਕਰੇਗਾ ਕਿ ਕੀ ਐੱਚ ਪੀ ਵੀ ਆਪਣੇ ਆਪ ਖਤਮ ਹੋ ਜਾਂਦਾ ਹੈ ਜਾਂ ਤੁਹਾਡੀ ਬੱਚੇਦਾਨੀ ਦੇ ਮੂੰਹ ਵਿੱਚ ਕੋਈ ਤਬਦੀਲੀਆਂ ਪੈਦਾ ਕਰਦਾ ਹੈ।

## ਪੈਪ ਟੈੱਸਟ ਕੀ ਹੈ?

ਪੈਪ ਟੈੱਸਟ ਦੌਰਾਨ ਤੁਹਾਨੂੰ ਇਕ ਸਿਹਤ ਸੰਭਾਲ ਪ੍ਰਦਾਨ ਕਰਨ ਵਾਲਾ ਦੇਖਦਾ ਹੈ। ਤੁਹਾਡੀ ਬੱਚੇਦਾਨੀ ਦੇ ਮੂੰਹ ਨੂੰ ਦੇਖਣ ਲਈ ਇਹ ਸਿਹਤ ਸੰਭਾਲ ਪ੍ਰਦਾਨ ਕਰਨ ਵਾਲਾ ਬਹੁਤ ਹੀ ਧਿਆਨ ਨਾਲ ਸਪੈਕੂਲਮ ਨਾਂ ਦਾ ਇਕ ਯੰਤਰ ਤੁਹਾਡੀ ਯੋਨੀ ਵਿੱਚ ਪਾਵੇਗਾ। ਫਿਰ ਸਿਹਤ ਸੰਭਾਲ ਪ੍ਰਦਾਨ ਕਰਨ ਵਾਲਾ ਇਕ ਛੋਟੇ ਜਿਹੇ ਬੁਰਸ਼ ਜਾਂ ਸਪੈਟੂਲਾ ਨਾਲ ਤੁਹਾਡੀ ਬੱਚੇਦਾਨੀ ਦੇ ਮੂੰਹ ਵਿੱਚੋਂ ਥੋੜ੍ਹੇ ਜਿਹੇ ਸੈੱਲ ਇਕੱਤਰ ਕਰੇਗਾ। ਇਸ ਟੈੱਸਟ ਨੂੰ 5 ਤੋਂ 10 ਮਿੰਟ ਲਗਦੇ ਹਨ। ਆਮ ਤੌਰ 'ਤੇ ਇਹ ਤਕਲੀਫ ਦੇਣ ਵਾਲਾ ਨਹੀਂ ਹੁੰਦਾ, ਪਰ ਥੋੜ੍ਹਾ ਜਿਹਾ ਬੇਆਰਾਮੀ ਕਰਨ ਵਾਲਾ ਹੋ ਸਕਦਾ ਹੈ।



## ਪੈਰਵਾਈ ਦੌਰਾਨ ਕੀਤੀ ਮੇਰੀ ਕੋਲਪੋਸਕੋਪੀ ਜਾਂ ਪੈਪ ਟੈਸਟ ਤੋਂ ਬਾਅਦ ਕੀ ਹੁੰਦਾ ਹੈ?

ਤੁਹਾਡਾ ਸਿਹਤ ਸੰਭਾਲ ਪ੍ਰਦਾਨ ਕਰਨ ਵਾਲਾ ਤੁਹਾਡੇ ਨਾਲ ਤੁਹਾਡੇ ਨਤੀਜਿਆਂ ਬਾਰੇ ਗੱਲ ਕਰੇਗਾ। ਉਹ ਤੁਹਾਨੂੰ ਦੱਸੇਗਾ ਕਿ ਹੋਰ ਪੈਰਵਾਈ ਕਰਨ ਜਾਂ ਅਸਧਾਰਣ ਸੈੱਲਾਂ ਨੂੰ ਕੱਢਣ ਲਈ ਇਲਾਜ ਦੀ ਲੋੜ ਹੈ ਜਾਂ ਨਹੀਂ।

ਤੁਹਾਡਾ ਸਿਹਤ ਸੰਭਾਲ ਪ੍ਰਦਾਨ ਕਰਨ ਵਾਲਾ ਤੁਹਾਡੇ ਲਈ ਇਲਾਜ ਦੀ ਸਭ ਤੋਂ ਵਧੀਆ ਚੋਣ ਦੀ ਸਿਫਾਰਿਸ਼ ਕਰੇਗਾ। ਬਹੁਤੇ ਮਰੀਜ਼ਾਂ ਨੂੰ ਇਲਾਜ ਤੋਂ ਬਾਅਦ ਕੋਈ ਸਮੱਸਿਆ ਨਹੀਂ ਆਵੇਗੀ।